ਕੀ ਤੁਹਾਨੂੰ

# ਬਲਾਤਕਾਰ ਜਾਂ ਜਿਣਸੀ ਸ਼ੋਸ਼ਣ

ਬਾਰੇ ਕਿਸੇ
ਨਾਲ ਗੱਲਬਾਤ
ਕਰਨ ਦੀ ਲੋੜ ਹੈ?

ਸੈਰਿਕ **(sericc)**

*ਔਰਤਾਂ ਲਈ, ਔਰਤਾਂ ਵੱਲੋਂ ਚਲਾਈ ਜਾਂਦੀ*

**ਸੈਰਿਕ** ਦੀ ਸ਼ੁਰੂਆਤ 1984 ਵਿੱਚ ਹੋਈ ਸੀ ਅਤੇ ਇਹ ਥੁਰਾਕ, ਬੈਸਿਲਡਨ ਅਤੇ ਬ੍ਰੈਂਟਵੁੱਡ ਦੇ ਇਲਾਕਿਆਂ ਵਿੱਚ ਕੰਮ ਕਰਦੀ ਹੈ। ਇੱਕ ਵਾੱਲੰਟਰੀ ਜਥੇਬੰਦੀ ਅਤੇ ਰਜਿਸਟਰਡ ਚੈਰਿਟੀ ਸੰਸਥਾ ਦੇ ਤੌਰ ‘ਤੇ ਇਹ ਸੰਸਥਾ ਸਮਾਜਕ ਸੇਵਾ ਵਿਭਾਗ, ਪੁਲਿਸ ਅਤੇ ਹੋਰ ਸਰਕਾਰੀ ਏਜੰਸੀਆਂ ਨਾਲੋਂ ਰਾਜ਼ਦਾਰੀ ਵਾਲੀ ਅਤੇ ਸੁਤੰਤਰ ਹੈ।

**ਸੈਰਿਕ,** ਉਹਨਾਂ ਔਰਤਾਂ ਅਤੇ 13 ਵਰ੍ਹਿਆਂ ਤੋਂ ਵੱਧ ਉਮਰ ਦੀਆਂ ਕੁੜੀਆਂ ਨੂੰ ਸੇਵਾ ਦਿੰਦੀ ਹੈ, ਜਿਹਨਾਂ ਨਾਲ ਬਲਾਤਕਾਰ, ਜਿਣਸੀ ਹਮਲਾ, ਬਚਪਨ ਵਿੱਚ ਜਿਸਮਾਨੀ ਸ਼ੋਸ਼ਣ ਦਾ ਅਨੁਭਵ, ਜਿਸਮਾਨੀ ਸ਼ੋਸ਼ਣ ਹੋਇਆ ਹੈ ਜਾਂ ਜਿਹਨਾਂ ਨੂੰ ਆਪਣੀ ਜ਼ਿੰਦਗੀ ਵਿੱਚ ਕਿਸੇ ਵੀ ਸਮੇਂ, ਕਿਸੇ ਤਰ੍ਹਾਂ ਦੀ ਜਿਣਸੀ ਹਿੰਸਾ ਜਾਂ ਜਿਣਸੀ ਹਮਲਾ ਕੀਤੇ ਜਾਣ ਦੀ ਕੋਸ਼ਿਸ਼ ਕੀਤੇ ਜਾਣ ਦਾ ਅਨੁਭਵ ਹੋਇਆ ਹੋਵੇ।

ਜੇ ਤੁਹਾਡੀ ਜ਼ਿੰਦਗੀ ਵਿੱਚ ਅਜਿਹਾ ਕੁਝ ਅਜੇ ਵਾਪਰ ਰਿਹਾ ਹੋਵੇ ਜਾਂ ਫਿਰ ਤੁਸੀ ਂਕਿਸੇ ਚੀਜ਼ ਬਾਰੇ ਪਰੇਸ਼ਾਨੀ ਮਹਿਸੂਸ ਕਰ ਰਹੇ ਹੋਵੋ, ਜੋ ਕਿ ਪਹਿਲਾਂ ਵਾਪਰ ਤੁਸੀਂ **ਸੈਰਿਕ** ਨੂੰ ਫ਼ੋਨ ਕਰ ਸਕਦੇ ਹੋ। ਜੇ ਤੁਸੀਂ ਆਪਣੀ ਬੱਚੀ, ਆਪਣੇ ਪਰਿਵਾਰ ਵਿੱਚ ਕਿਸੇ ਹੋਰ ਬਾਰੇ ਜਾਂ ਆਪਣੇ ਕਿਸੇ ਜਾਣਕਾਰ ਬਾਰੇ ਫਿਕਰਮੰਦ ਹੋ, ਤਾਂ ਵੀ ਫ਼ੋਨ ਕਰ ਸਕਦੇ ਹੋ।

ਜੇ ਤੁਸੀਂ ਸਾਨੂੰ ਫ਼ੋਨ ਕਰਦੇ ਹੋ, ਤਾਂ ਅਸੀਂ ਟੈਲੀਫ਼ੋਨ ਸਲਾਹਕਾਰੀ ਅਤੇ ‘ਆਹਮੋ-ਸਾਹਮਣੇ ਦੀ ਸਲਾਹਕਾਰੀ’, ਜਜ਼ਬਾਤੀ ਸਹਾਇਤਾ ਅਤੇ ਵਿਹਾਰਕ ਜਾਣਕਾਰੀ ਦੀ ਪੇਸ਼ਕਸ਼ ਕਰ ਸਕਦੇ ਹਾਂ। ਅਸੀਂ ਤੁਹਾਨੂੰ ਇਹ ਨਹੀਂ ਦੱਸਾਂਗੇ ਕਿ ਤੁਹਾਨੂੰ ਕੀ ਕਰਨਾ ਚਾਹੀਦਾ ਹੈ ਜਾਂ ਤੁਹਾਡੇ ਕੰਮਾਂ ਦਾ ਮੁਲਾਂਕਣ ਨਹੀਂ ਕਰਾਂਗੇ।

**ਸੈਰਿਕ** ਇਸ ਤਰ੍ਹਾਂ ਨਾਲ ਕੰਮ ਕਰਨਾ ਚਾਹੁੰਦੀ ਹੈ, ਜਿਸ ਨਾਲ ਬਰਾਬਰੀ, ਸਤਿਕਾਰ ਅਤੇ ਦੇਖਭਾਲ ਦਾ ਪ੍ਰਗਟਾਵਾ ਹੋਵੇ ਅਤੇ ਸਾਡਾ ਟੀਚਾ ਅਜਿਹੀ ਸੰਸਥਾ ਬਣਨਾ ਹੈ, ਜੋ ਵਿਭਿੰਨਤਾ (ਉਮਰ, ਕਮਜ਼ੋਰੀ, ਨਸਲ, ਆਸਥਾ, ਲਿੰਗ-ਖਿਚ ਅਤੇ ਵਰਗ) ਨੂੰ ਪ੍ਰਵਾਣ ਕਰਦੀ ਹੈ ਅਤੇ ਗ਼ੈਰ-ਨਿਰਣਾਕਾਰੀ ਬਣਨਾ ਚਾਹੁੰਦੀ ਹੈ। ਅਸੀਂ ਅਜਿਹੀ ਜਾਣਕਾਰੀ ਅਤੇ ਵਸੀਲੇ ਪ੍ਰਦਾਨ ਕਰਨ ਲਈ ਕੰਮ ਕਰਦੇ ਹਾਂ, ਜਿਹਨਾਂ ਦਾ ਸਾਰੀਆਂ ਔਰਤਾਂ ਆਪਣੀ ਮਦਦ ਖ਼ੁਦ ਕਰਨ ਲਈ ਵਰਤੋਂ ਕਰ ਸਕਣ।

## *ਸਲਾਹਕਾਰੀ ਕੀ ਹੈ?*

ਸਲਾਹਕਾਰੀ ਤੁਹਾਨੂੰ ਇੱਕ ਥਾਂ ਮੁਹਈਆ ਕਰਦੀ ਹੈ, ਜਿਥੇ ਤੁਸੀਂ ਖ਼ੁਦ ਆਪਣੇ ਅਤੇ ਆਪਣੀ ਸਥਿਤੀ ਬਾਰੇ ਸਪਸ਼ਟ ਸਮਝਦਾਰੀ ਹਾਸਿਲ ਕਰਨ ਵਿੱਚ ਮਦਦ ਪ੍ਰਾਪਤ ਕਰ ਸਕੋ। ਸਲਾਹਕਾਰੀ, ਜਿਣਸੀ ਹਿੰਸਾ ਦੇ ਨਤੀਜੇ ਵਜੋਂ ਤੁਹਾਨੂੰ ਹੋ ਰਹੀਆਂ ਸਮਸਿਆਵਾਂ ਦਾ ਜਵਾਬ ਖ਼ੁਦ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ।

**ਸੈਰਿਕ** ਦੇ ਸਲਾਹਕਾਰ ਕਿਸੇ ਵੀ ਅਜਿਹੀ ਚੀਜ਼ ਬਾਰੇ ਗੱਲ ਕਰਨ ਲਈ ਤੁਹਾਡੇ 'ਤੇ ਦਬਾਅ ਨਹੀਂ ਪਾਉਣਗੇ, ਜਿਸ ਲਈ ਤੁਸੀਂ ਤਿਆਰ ਨਹੀਂ ਹੋ। ਤੁਹਾਡੀਆਂ ਤੈਅ ਮੁਲਾਕਾਤਾਂ 'ਤੇ ਸਲਾਹਕਾਰ, ਸਲਾਹਕਾਰੀ ਬਾਰੇ ਕਿਸੇ ਵੀ ਸੁਆਲਾਂ ਦਾ ਜਾਂ ਹੋਰ ਕਿਸੇ ਮਦਦ ਦੀ ਲੋੜ ਬਾਰੇ ਜਵਾਬ ਦੇਣਗੇ। ਤੁਸੀਂ ਅਤੇ ਤੁਹਾਡੀ ਸਲਾਹਕਾਰ ਬਾਕਾਇਦਾ ਤੌਰ 'ਤੇ ਇਹ ਵੇਖਦੀਆਂ ਰਹਿਣਗੀਆਂ ਕਿ ਸਲਾਹਕਾਰੀ ਤੁਹਾਡੀਆਂ ਲੋੜਾਂ ਨੂੰ ਪੂਰਾ ਕਰ ਰਹੀਆਂ ਹਨ ਜਾਂ ਨਹੀਂ, ਇਸ ਬਾਰੇ ਤੁਸੀਂ ਕੀ ਮਹਿਸੂਸ ਕਰਦੇ ਹੋ।

**ਮੁਲਾਕਾਤ ਦਾ ਸਮਾਂ/ਰੈਫ਼ਰਲ ਕਿਵੇਂ ਲਿਆ ਜਾਏ**

ਰੈਫ਼ਰ ਕਰਨ ਵਾਲੀਆਂ ਏਜੰਸੀਆਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਕੁਝ ਔਰਤਾਂ ਅਤੇ ਕੁੜੀਆਂ ਨੂੰ **ਸੈਰਿਕ** ਨਾਲ ਸੰਪਰਕ ਕਰਨ ਦੀ ਲੋੜ ਪੈ ਸਕਦੀ ਹੈ ਅਤੇ ਹੋ ਸਕਦਾ ਹੈ ਕਿ ਉਹਨਾਂ ਵਿੱਚ ਪਹਿਲਾਂ ਪਹਿਲ ਖ਼ੁਦ ਸੰਪਰਕ ਕਰਨ ਦਾ ਆਤਮ-ਵਿਸ਼ਵਾਸ ਨਾ ਹੋਵੇ ਜਾਂ ਸ਼ਾਇਦ ਉਹ ਇਹ ਨਾ ਜਾਣਦੀਆਂ ਹੋਣ ਕਿ ਇਥੇ ਉਹਨਾਂ ਨੂੰ ਕੀ ਮਿਲ ਸਕਦਾ ਹੈ।

ਰੈਫ਼ਰਲ ਏਜੰਸੀਆਂ ਨੂੰ ਇੱਕ ਫ਼ਾਰਮ ਭਰਨਾ ਪੈਂਦਾ ਹੈ, ਜਿਸਨੂੰ ਸਾਡੀ ਵੈਬਸਾਈਟ www.sericc.org.uk ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ; ਜਾਂ ਤੁਸੀਂ ਫ਼ੈਕਸ ਜਾਂ ਈਮੇਲ ਰਾਹੀਂ ਤੁਹਾਨੂੰ ਫ਼ਾਰਮ ਭੇਜਣ ਦੀ ਵੀ ਬੇਨਤੀ ਕਰ ਸਕਦੇ ਹੋ।

ਰੈਫ਼ਰਲ ਪ੍ਰਵਾਨ ਕੀਤੇ ਜਾਣ ਤੋਂ ਪਹਿਲਾਂ ਇਹ ਫ਼ਾਰਮ **ਸੈਰਿਕ** ਨੂੰ ਹੀ ਭੇਜ ਦੇਣਾ ਚਾਹੀਦਾ ਹੈ - ਇਸ ਨਾਲ **ਸੈਰਿਕ** ਛੇਤੀ ਤੋਂ ਛੇਤੀ ਸੰਪਰਕ ਕਰ ਸਕੇਗੀ।

**ਸੈਰਿਕ** ਖ਼ੁਦ ਰੈਫ਼ਰ ਕੀਤੇ ਜਾਣ ਨੂੰ ਵੀ ਪ੍ਰਵਾਣ ਕਰਦੀ ਹੈ, ਜਿਸਦਾ ਮਤਲਬ ਹੈ ਕਿ ਤੁਸੀਂ ਮੁਲਾਕਾਤ ਦਾ ਕੋਈ ਸਮਾਂ ਤੈਅ ਕਰਨ ਲਈ ਸਾਡੇ ਨਾਲ ਸਿੱਧਿਆਂ ਸੰਪਰਕ ਕਰ ਸਕਦੇ ਹੋ।

**ਸੇਵਾਵਾਂ**

ਅਸੀਂ ਪ੍ਰਦਾਨ ਕਰਦੇ ਹਾਂ:

- ਜਿਣਸੀ ਹਿੰਸਾ ਸਬੰਧੀ ਮਾਮਲਿਆਂ ਬਾਰੇ ਸਲਾਹਕਾਰ, ਜੋ ਸਾਰੀਆਂ ਔਰਤਾਂ ਹਨ;
- ਸੁਖਦਾਇਕ ਮਾਹੌਲ ਵਿੱਚ ਸਲਾਹਕਾਰੀ ਸੈਸ਼ਨ;
- ਸੰਕਟ-ਮੁਕਤ, ਥੋੜ੍ਹੀ ਮਿਆਦ ਜਾਂ ਲੰਮੀ ਮਿਆਦ ਦੀ 'ਆਹਮੋ-ਸਾਹਮਣੀ' ਅਤੇ ਟੈਲੀਫ਼ੋਨ ਸਲਾਹਕਾਰੀ;
- ਜਜ਼ਬਾਤੀ ਸਹਾਇਤਾ ਅਤੇ ਸੁਝਾਅ;
- ਉਸੀ ਸਲਾਹਕਾਰ ਨਾਲ ਮੁਲਾਕਾਤ।

**ਟੈਲੀਫ਼ੋਨ ਹੈਲਪਲਾਈਨ:**

ਕੁਝ ਔਰਤਾਂ ਅਤੇ ਕੁੜੀਆਂ ਲਈ ਟੈਲੀਫ਼ੋਨ ਉਹਨਾਂ ਦੀ ਜ਼ਿੰਦਗੀ ਵਿੱਚ ਵਾਪਰ ਚੁੱਕੀ ਘਟਨਾ ਬਾਰੇ ਗੱਲ ਕਰਨ ਸਬੰਧੀ ਪਹਿਲੀ ਕਾਰਵਾਈ ਹੁੰਦੀ ਹੈ। ਅਸੀਂ ਉਹਨਾਂ ਫ਼ੋਨ ਕਰਨ ਵਾਲਿਆਂ ਨੂੰ ਜਾਣਕਾਰੀ ਅਤੇ ਮਦਦ ਪ੍ਰਦਾਨ ਕਰਾਂਗੇ, ਜੋ ਕਿਸੇ ਅਜਿਹੇ ਸਾਥੀ, ਦੋਸਤ/ਸਹੇਲੀ, ਪਰਿਵਾਰ ਦੇ ਮੈਂਬਰ ਜਾਂ ਸਹਿਯੋਗੀ ਦੀ ਮਦਦ ਕਰ ਰਹੇ ਹੋ, ਜਿਹਨਾਂ ਨਾਲ ਜਿਣਸੀ ਹਿੰਸਾ ਹੋਈ ਹੈ। ਅਸੀਂ ਉਹਨਾਂ ਲੋਕਾਂ ਨੂੰ ਢੁਕਵੀਆਂ ਸਹਾਇਤਾ ਏਜੰਸੀਆਂ ਕੋਲ ਜਾਣ ਬਾਰੇ ਸਲਾਹ ਦਿਆਂਗੇ, ਜੋ ਸਾਡੇ ਇਲਾਕੇ ਵਿੱਚ ਨਹੀਂ ਰਹਿੰਦੇ ਜਾਂ ਜਿਣਸੀ ਹਿੰਸਾ ਦੇ ਸ਼ਿਕਾਰ ਮਰਦ ਹਨ।

ਟੈਲੀਫ਼ੋਨ ਸਲਾਹਕਾਰੀ ਲਾਈਨ ਹਰ ਹਫ਼ਤੇ 9 ਘੰਟਿਆਂ ਲਈ ਖੁੱਲ੍ਹੀ ਰਹਿੰਦੀ ਹੈ, ਇਸ ਲਈ ਇਹ ਖ਼ਾਲੀ ਨਹੀਂ ਹੋ ਸਕਦੀ। ਜੇ ਤੁਸੀਂ ਸੰਪਰਕ ਕਰਨ ਵਿੱਚ ਪਰੇਸ਼ਾਨੀ ਮਹਿਸੂਸ ਕਰ ਰਹੇ ਹੋ, ਤਾਂ ਕਿਰਪਾ ਕਰਕੇ ਕੋਸ਼ਿਸ਼ ਕਰਦੇ ਰਹੋ ਜਾਂ ਆਂਸਰ ਫ਼ੋਨ 'ਤੇ ਕੋਈ ਸੁਨੇਹਾ ਛੱਡ ਦਿਓ ਅਤੇ ਕੋਈ ਸਲਾਹਕਾਰ ਤੁਹਾਨੂੰ ਬਾਅਦ ਵਿੱਚ ਫ਼ੋਨ ਕਰੇਗੀ।

**'ਆਹਮੋ-ਸਾਹਮਣੀ' ਸਲਾਹਕਾਰੀ:**

ਸਾਡੀ ਸੇਵਾ ਉਹਨਾਂ ਔਰਤਾਂ ਲਈ ਹੈ, ਜੋ ਥੁਰਾਕ, ਬੈਸਿਲਡਨ, ਬਿਲੇਰਿਕੇ, ਵਿਕਫ਼ੋਰਡ ਅਤੇ ਬ੍ਰੈਂਟਵੁੱਡ ਇਲਾਕਿਆਂ ਵਿੱਚ ਰਹਿੰਦੀਆਂ ਜਾਂ ਕੰਮ ਕਰਦੀਆਂ ਹਨ। ਸਲਾਹਕਾਰੀ ਸੈਸ਼ਨ ਹੈਲਪਲਾਈਨ ਨੰਬਰ 01375 380609 'ਤੇ ਫ਼ੋਨ ਕਰਕੇ ਤੈਅ ਕੀਤਾ ਜਾ ਸਕਦਾ ਹੈ। **ਸੈਰਿਕ** ਵਿੱਚ ਸਲਾਹਕਾਰੀ ਬਿਨਤੀ ਮੁਤਾਬਿਕ ਥੋੜ੍ਹੀ ਮਿਆਦ ਜਾਂ ਲੰਮੀ ਮਿਆਦ ਦੀ, ਸੋਮਵਾਰ ਤੋਂ ਸ਼ਨਿਚਰਵਾਰ ਤੱਕ ਅਤੇ ਸਿਰਫ਼ ਮੁਲਾਕਾਤ ਰਾਹੀਂ ਹੋ ਸਕਦੀ ਹੈ (ਬਿਨਤੀ ਕਰਨ 'ਤੇ 'ਆਹਮੋ-ਸਾਹਮਣੇ' ਸਲਾਹਕਾਰੀ ਸੈਸ਼ਨਾਂ ਲਈ ਬੱਚਿਆਂ ਦੀ ਦੇਖਭਾਲ ਦਾ ਪ੍ਰਬੰਧ ਕੀਤਾ ਜਾਂਦਾ ਹੈ)।

**ਸੈਰਿਕ** ਗ੍ਰੇਜ਼, ਥੁਰਾਕ ਵਿੱਚ ਹੈ ਅਤੇ ਜੇ **ਸੈਰਿਕ** ਆਉਣ ਲਈ ਸਫ਼ਰ ਕਰਨਾ ਮੁਸ਼ਕਿਲ ਹੋਵੇ, ਤਾਂ ਕਦੀ ਕਦਾਈਂ ਬੈਸਿਲਡਨ ਅਤੇ ਬ੍ਰੈਂਟਵੁੱਡ ਵਿੱਚ ਵਿਕਲਪ ਵਾਲੀਆਂ ਥਾਵਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। **ਸੈਰਿਕ** ਪਹਿਲੀ ਮੰਜ਼ਿਲ 'ਤੇ ਹੈ ਅਤੇ ਇਸ ਤਰ੍ਹਾਂ ਉਥੇ ਪਹੁੰਚਣਾ ਸੰਭਵ ਨਹੀਂ ਹੈ; ਹਾਲਾਂਕਿ ਜ਼ਰੂਰਤ ਪੈਣ 'ਤੇ ਅਸੀਂ ਗ੍ਰੇਜ਼ ਵਿੱਚ ਵੀ ਪੂਰੀ ਤਰ੍ਹਾਂ ਅਸਾਨ ਪਹੁੰਚ ਵਾਲੀ ਥਾਂ 'ਤੇ ਸਲਾਹਕਾਰੀ ਮੁਲਾਕਾਤ ਤੈਅ ਕਰ ਸਕਦੇ ਹਾਂ।

## ਸਲਾਹਕਾਰੀ ਅਤੇ ਸਹਾਇਤਾ

**ਸੈਰਿਕ** ਉਹਨਾਂ ਔਰਤਾਂ ਦੀ ਵੀ ਮਦਦ ਕਰਦੀ ਹੈ, ਜੋ ਵਾਧੂ ਸਹਾਇਤਾ ਸੇਵਾਵਾਂ ਅਤੇ ਜਾਣਕਾਰੀ ਲੈ ਰਹੀਆਂ ਹੋਣ; ਉਦਾਹਰਣ ਲਈ ਪੁਲਿਸ, ਮੈਡੀਕਲ ਪੇਸ਼ੇਵਰ, ਨਿਆਂ ਸਬੰਧੀ ਅਮਲ, ਸਮਾਜਕ ਸੇਵਾਵਾਂ ਜਾਂ ਹਾਉਸਿੰਗ ਆਦਿ।

**ਸਾਡੀ ਸਹਾਇਤਾ ਵਿੱਚ ਇਹ ਵੀ ਸ਼ਾਮਿਲ ਹਨ:**

- ਉਹਨਾਂ ਮਾਵਾਂ ਲਈ ਮਦਦ, ਜਿਹਨਾਂ ਦੇ ਬੱਚੇ ਜਿਣਸੀ ਸ਼ੋਸ਼ਣ ਦਾ ਸ਼ਿਕਾਰ ਹੋਏ ਹੋਣ।
- ਜਿਣਸੀ ਸਿਹਤ ਸਬੰਧੀ ਜਾਣਕਾਰੀ, ਜਿਵੇਂ ਕਿ ਜਿਣਸੀ ਛੂਤ ਨਾਲ ਲੱਗਣ ਵਾਲੀ ਲਾਗ, ਗਰਭਪਾਤ, ਗਰਭ-ਅਵਸਥਾ, ਐਚਆਈਵੀ/ਏਡਜ਼।
- ਜਿਣਸੀ ਸਿਹਤ ਜਾਂਚਾਂ ਲਈ ਮੁਲਾਕਾਤ ਵਿੱਚ ਹਾਜ਼ਰ ਹੋਣ ਦੌਰਾਨ ਮਦਦ।
- ਤੁਹਾਡੇ ਅਤੇ ਤੁਹਾਡੇ ਪਰਿਵਾਰ ਨੂੰ ਅਦਾਲਤ ਵਿੱਚ ਮੁਕੱਦਮੇ ਦੌਰਾਨ ਮਦਦ।

**ਸੈਰਿਕ ਦੇ ਹੋਰ ਕਾਰਜ:**

- ਪਰਿਵਾਰ ਦੇ ਮੈਂਬਰਾਂ, ਦੋਸਤਾਂ/ਸਹੇਲੀਆਂ ਅਤੇ ਕੇਅਰਰਾਂ ਨੂੰ ਸਹਾਇਤਾ ਅਤੇ ਜਾਣਕਾਰੀ ਪ੍ਰਦਾਨ ਕਰਨਾ;
- ਜਿਣਸੀ ਹਿੰਸਾ ਦੇ ਸ਼ਿਕਾਰ ਮਰਦਾਂ ਅਤੇ ਮੁੰਡਿਆਂ ਨੂੰ ਢੁਕਵੀਆਂ ਸੇਵਾਵਾਂ ਬਾਰੇ ਜਾਣਕਾਰੀ ਦੇਣਾ;
- ਰਾਸ਼ਟਰੀ ਅਤੇ ਸਥਾਨਕ ਕਾਨੂੰਨੀ ਅਤੇ ਸਰਕਾਰੀ ਕਮੇਟੀਆਂ ਸਾਹਮਣੇ ਔਰਤਾਂ ਦੇ ਮਾਮਲਿਆਂ ਵਿੱਚ ਨੁਮਾਇੰਦਗੀ ਕਰਨਾ;
- ਔਰਤਾਂ 'ਤੇ ਜਿਣਸੀ ਹਿੰਸਾ ਦੇ ਮਾਮਲਿਆਂ 'ਤੇ ਮੁਹਿੰਮ ਚਲਾਉਣਾ ਅਤੇ ਜਾਗਰੂਕਤਾ ਫੈਲਾਉਣਾ;
- ਭਾਈਚਾਰੇ ਵਿੱਚ ਖ਼ਾਸ ਮੌਕਿਆਂ 'ਤੇ ਪੇਸ਼ਕਾਰੀ, ਡਿਸਪਲੇ ਅਤੇ ਜਾਣਕਾਰੀ ਦਾ ਪ੍ਰਬੰਧ ਕਰਨਾ;
- ਸਥਾਨਕ, ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪੱਧਰ 'ਤੇ ਇੱਕੋ ਜਿਹੇ ਟੀਚੇ ਰੱਖਣ ਵਾਲੀਆਂ ਏਜੰਸੀਆਂ ਨਾਲ ਸੰਪਰਕ ਕਰਨਾ;
- ਸਥਾਨਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਏਜੰਸੀਆਂ ਲਈ ਜਿਣਸੀ ਹਿੰਸਾ ਸਲਾਹਕਾਰ ਸੇਵਾ ਦੇਣਾ;
- ਜਵਾਨ ਲੋਕਾਂ ਵਿਚਕਾਰ ਸਿਖਿਆ ਅਤੇ ਜਾਗਰੂਕਤਾ ਵਧਾਉਣ ਸਮੇਤ ਨਵੀਨਤਮ ਬਲਾਤਕਾਰ ਅਤੇ ਜਿਣਸੀ ਹਿੰਸਾ ਦੇ ਪ੍ਰੋਜੈਕਟਾਂ ਵਿੱਚ ਸਰਗਰਮ ਹਿੱਸੇਦਾਰੀ ਕਰਨਾ;

- ਜਿਣਸੀ ਹਿੰਸਾ ਸਬੰਧੀ ਅੰਕੜਿਆਂ ਨੂੰ ਮਿਲਾਉਣਾ, ਜੋ ਸਥਾਨਕ ਅਤੇ ਰਾਸ਼ਟਰੀ ਪੱਧਰ 'ਤੇ ਔਰਤਾਂ 'ਤੇ ਕੇਂਦਰਿਤ ਸੇਵਾ ਪ੍ਰਬੰਧਾਂ ਦੇ ਵਿਕਾਸ ਅਤੇ ਉਹਨਾਂ ਨੂੰ ਆਧੁਨਿਕ ਬਣਾਉਣ ਦੀ ਜਾਣਕਾਰੀ ਦੇਣ ਵਿਚ ਵਰਤੇ ਜਾਂਦੇ ਹੋਣ;
- ਬਹੁ-ਏਜੰਸੀ ਸਿਖਲਾਈ ਦੇਣਾ;
- ਕਿਤਾਬਾਂ ਸਬੰਧੀ ਕਰਜ਼ਾ ਸੇਵਾ - ਕਿਤਾਬਾਂ ਅਤੇ ਵਸੀਲਿਆਂ ਦੀ ਲਾਇਬ੍ਰੇਰੀ;
- ਸਾਡੀਆਂ ਸੇਵਾਵਾਂ ਬਾਰੇ ਜਾਣਕਾਰੀ ਅਤੇ ਹੋਰ ਜਾਣਕਾਰੀ ਅਤੇ ਸੰਸਥਾਵਾਂ ਦੇ ਲਿੰਕ ਰੱਖਣ ਵਾਲੀ ਵੈਬਸਾਈਟ www.sericc.org.uk

**ਸੈਰਿਕ ਸੇਵਾ ਨੂੰ ਇੱਕ ਸੁਤੰਤਰ ਕੁਆਲਿਟੀ ਚਿੰਨ੍ਹ ਮਿਲ ਚੁੱਕਿਆ ਹੈ, ਜੋ ਇਹ ਮਾਣਤਾ ਦਿੰਦਾ ਹੈ ਕਿ ਸੈਰਿਕ ਕਈ ਕੁਆਲਿਟੀ ਸੂਚਕਾਂ ਅਤੇ ਸਮਰੱਥਾਵਾਂ ਦੇ ਮਿਆਰ ਨੂੰ ਪੂਰਾ ਕਰਦੀ ਹੈ।**

**ਇਹਨਾਂ ਵਿੱਚ ਸ਼ਾਮਿਲ ਹਨ:**

- ਅਨਾਮ ਸੇਵਾ, ਵਰਤੋਂ ਕਰਨ ਵਾਲਾ ਟੈਲੀਫ਼ੋਨ ਅਤੇ 'ਆਹਮੋ-ਸਾਹਮਣੀ' ਰਾਇ ਸਬੰਧੀ ਸੁਆਲਨਾਮੇ
- ਰਾਜ਼ਦਾਰੀ ਪਾੱਲਿਸੀ
- ਸ਼ਿਕਾਇਤਾਂ ਸਬੰਧੀ ਅਮਲ
- ਭਿੰਨਤਾ ਅਤੇ ਬਰਾਬਰ ਦੇ ਮੌਕਿਆਂ ਬਾਰੇ ਪਾੱਲਿਸੀ
- ਸੁਤੰਤਰ ਕਲਿਨਿਕਲ ਸਲਾਹਕਾਰ
- ਸਿਹਤ ਅਤੇ ਸੁਰੱਖਿਆ ਪਾੱਲਿਸੀ
- ਹਿਦਾਇਤਾਂ ਦਾ ਪਾਲਣਾ ਕਰਨ ਵਾਲੀ ਅਤੇ ਬ੍ਰਿਟਿਸ਼ ਐਸੋਸੀਏਸ਼ਨ ਫ਼ਾੱਰ ਕੌਂਸਲਿੰਗ ਅਤੇ ਸਾਈਕੋਥਿਰੈਪੀ (BACP) ਦੀ ਇੱਕ ਸੰਸਥਾਗਤ ਮੈਂਬਰ।

**ਸਟਾਫ਼ ਯੋਗਤਾਵਾਂ ਵਿੱਚ ਸ਼ਾਮਿਲ ਹਨ:**

- ਅਨੁਭਵੀ, ਯੋਗਤਾਪ੍ਰਾਪਤ ਸਟਾਫ਼;
- **ਸੈਰਿਕ** ਦੀ ਸੰਸਥਾਗਤ ਸਿਖਲਾਈ;
- ਔਰਤਾਂ ਬਾਰੇ ਅਧਿਐਨ ਵਿਸ਼ੇ ਵਿੱਚ ਬੀਏ (ਆੱਨਰਜ਼);
- ਮਨੋਵਿਗਿਆਨ ਵਿੱਚ ਬੀਐਸਸੀ (ਆੱਨਰਜ਼);
- ਸਲਾਹਕਾਰੀ ਦੇ ਪੇਸ਼ੇਵਰ ਅਧਿਐਨ ਵਿੱਚ ਡਿਪਲੋਮਾ;
- ਅੰਤਰਵਿਅਕਤੀ ਮੁਹਾਰਤਾਂ ਡਿਪਲੋਮਾ;
- ਵਿਅਕਤੀਗਤ ਅਤੇ ਸਬੰਧਾਂ ਬਾਰੇ ਸਲਾਹਕਾਰੀ ਡਿਪਲੋਮਾ;

- ਸਲਾਹਕਾਰੀ ਦੇ ਪੇਸ਼ੇਵਰ ਅਧਿਐਨ ਵਿੱਚ ਸਰਟੀਫ਼ਿਕੇਟ;
- ਹਿੰਸਾ ਦੇ ਅਨੁਭਵਾਂ ਤੋਂ ਨਿਜਾਤ ਹਾਸਿਲ ਕਰ ਰਹੀਆਂ ਔਰਤਾਂ ਲਈ ਸਲਾਹਕਾਰੀ ਅਤੇ ਥਿਰੈਪਟਿਕ ਵਿੱਚ ਸਰਟੀਫ਼ਿਕੇਟ;
- ਜਿਣਸੀ ਅਤੇ ਘਰੇਲੂ ਹਿੰਸਾ ਤੋਂ ਬਚਣ ਵਾਲਿਆਂ ਨੂੰ ਮਦਦ ਦੇਣ ਦਾ ਸਰਟੀਫ਼ਿਕੇਟ;
- ਸਲਾਹਕਾਰੀ ਵਿੱਚ ਪੋਸਟ-ਪ੍ਰੋਫ਼ੈਸ਼ਨਲ ਅਵਾਰਡ;
- ਫ਼ਰਸਟ ਲਾਈਨ ਪ੍ਰਬੰਧ ਵਿੱਚ ਸਰਟੀਫ਼ਿਕੇਟ।

**ਸੈਰਿਕ ਦੀ ਸਲਾਹਕਾਰੀ, ਸਹਾਇਤਾ ਅਤੇ ਸੁਝਾਅ ਹੇਠਾਂ ਦਿੱਤਿਆਂ ਤੋਂ ਪ੍ਰਾਪਤ ਫ਼ੰਡਾਂ ਰਾਹੀਂ ਚਲਦੇ ਹਨ:**

- ਸਾਊਥ ਵੈਸਟ ਐਸੈਕਸ ਪ੍ਰਾਈਮਰੀ ਕੇਅਰ ਟ੍ਰਸਟ,
- ਬੁਰਾਕ ਕੌਂਸਲ (ਭਲਾਈ ਬਾਰੇ ਡਾਇਰੈਕਟੋਰੇਟ, ਬੱਚੇ, ਸਿਖਿਆ ਅਤੇ ਪਰਿਵਾਰ, ਸਹਿਯੋਗੀ ਲੋਕ, ਸ਼ਿਓਰ ਸਟਾਰਟ),
- ਹੋਮ ਆੱਫ਼ਿਸ,
- ਰੇਪ ਕ੍ਰਾਈਸਿਜ਼ ਇੰਗਲੈਂਡ ਅਤੇ ਵੇਲਸ,
- ਵਿਅਕਤੀਗਤ ਦਾਨ, ਫ਼ੰਡ ਇਕੱਤਰ ਕਰਨਾ ਅਤੇ ਵਿਸ਼ੇਸ਼ ਪ੍ਰਾੱਜੈਕਟ ਰਾਹੀਂ ਧੰਨ ਦੀ ਪ੍ਰਾਪਤੀ।

**ਸਲਾਹਕਾਰੀ ਟੈਲੀਫ਼ੋਨ ਲਾਈਨ ਖੁੱਲ੍ਹੀ ਹੈ:**

ਬੁੱਧਵਾਰ ਸਵੇਰੇ 10 - ਦੁਪਹਿਰ 12 ਵਜੇ ਤੱਕ
ਵੀਰਵਾਰ ਦੁਪਹਿਰ 12 - ਸ਼ਾਮੀਂ 4 ਵਜੇ ਤੱਕ
ਸ਼ਨਿਚਰਵਾਰ ਸਵੇਰੇ 10 - ਦੁਪਹਿਰ 1 ਵਜੇ ਤੱਕ

'ਆਹਮੋ-ਸਾਹਮਣੀ' ਸਲਾਹਕਾਰੀ ਸਿਰਫ਼
ਮੁਲਾਕਾਤ ਰਾਹੀਂ


**ਟੈਲੀਫ਼ੋਨ: 01375 380609**
**ਫ਼ੈਕਸ: 01375 387053**


ਰਜਿਸਟਰਡ ਚੈਰਿਟੀ ਨੰਬਰ 287762

**ਸਾਊਥ ਐਸੈਕਸ**
**ਰੇਪ ਐਂਡ ਇਨਸੈਸਟ**
**ਕ੍ਰਾਈਸਿਜ਼ ਸੈਂਟਰ**

www.sericc.org.uk